## ਬ੍ਰਿਟਿਸ਼ ਕੋਲੰਬੀਆ ਦੀਆਂ ਸਿਆਸੀ ਪਾਰਟੀਆਂ ਦੇ ਨਾਂ ਇਕ ਖੁਲ੍ਹੀ ਚਿੱਠੀ:
## ਬੀ ਸੀ ਨੂੰ ਗਰੀਬੀ ਘਟਾਉਣ ਲਈ ਟੀਚਿਆਂ ਅਤੇ ਸਮੇਂ ਦੀਆਂ ਹੱਦਾਂ ਵਾਲੀ ਇਕ ਯੋਜਨਾ ਦੀ ਲੋੜ ਹੈ

ਬ੍ਰਿਟਿਸ਼ ਕੋਲੰਬੀਆ ਦੀ ਸੂਬਾਈ ਸਰਕਾਰ ਲਈ ਇਹ ਸਮਾਂ ਗਰੀਬੀ ਘਟਾਉਣ ਦੀ ਇਕ ਵੱਡੀ ਯੋਜਨਾ ਚਾਲੂ ਕਰਨ ਦਾ ਹੈ – ਸਾਡੇ ਸੂਬੇ ਵਿਚ ਬੇਘਰਪੁਣੇ ਅਤੇ ਗਰੀਬੀ ਨੂੰ ਨਾਟਕੀ ਢੰਗ ਨਾਲ ਘਟਾਉਣ ਲਈ ਠੋਸ ਅਤੇ ਵਿਧਾਨਕ ਟੀਚਿਆਂ ਅਤੇ ਸਮੇਂ ਦੀਆਂ ਹੱਦਾਂ ਨਾਲ ਇਕ ਵਿਸਤਾਰਪੂਰਬਕ ਅਤੇ ਜਵਾਬਦੇਹੀ ਵਾਲੀ ਜੁਗਤ ਲਾਗੂ ਕਰਨ ਦਾ। ਕੈਨੇਡਾ ਦੇ ਪੰਜ ਸੂਬਿਆਂ ਕੋਲ ਅਜਿਹੀਆਂ ਯੋਜਨਾਵਾਂ ਹਨ ਜਾਂ ਉਹ ਯੋਜਨਾਵਾਂ ਤਿਆਰ ਕਰ ਰਹੇ ਹਨ, ਪਰ ਅਜੇ ਤੱਕ ਬੀ ਸੀ ਅਜਿਹਾ ਨਹੀਂ ਕਰ ਰਿਹਾ।

ਜਿਵੇਂ ਜਿਵੇਂ ਅਸੀਂ ਮਈ ਵਿਚ ਹੋਣ ਵਾਲੀ ਸੂਬਾਈ ਇਲੈਕਸ਼ਨ ਦੇ ਨੇੜੇ ਜਾ ਰਹੇ ਹਾਂ, ਅਸੀਂ ਬੀ ਸੀ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਤੋਂ ਇਹ ਮੰਗ ਕਰਦੇ ਹਾਂ ਕਿ ਉਹ ਇਹ ਵਚਨ ਦੇਣ ਕਿ ਜੇ ਉਨ੍ਹਾਂ ਦੀ ਸਰਕਾਰ ਬਣੀ ਤਾਂ ਉਹ ਗਰੀਬੀ ਘਟਾਉਣ ਵਾਲੀ ਵਿਆਪਕ ਯੋਜਨਾ ਨੂੰ ਲਾਗੂ ਕਰਨਗੇ।

ਕਿਸੇ ਵੀ ਮਾਪਦੰਡ ਨਾਲ ਦੇਖਿਆ ਜਾਵੇ, ਬੀ ਸੀ ਵਿਚ ਗਰੀਬੀ ਦੀ ਦਰ ਕੈਨੇਡਾ ਵਿਚ ਸਭ ਤੋਂ ਜ਼ਿਆਦਾ ਹੈ। ਬੀ ਸੀ ਵਿਚ ਬੱਚਿਆਂ ਦੀ ਗਰੀਬੀ ਦੀ ਦਰ ਲਗਾਤਾਰ ਪੰਜ ਸਾਲ ਸੱਭ ਤੋਂ ਜ਼ਿਆਦਾ ਆ ਰਹੀ ਹੈ। ਮਜ਼ਬੂਤ ਆਰਥਿਕ ਤਰੱਕੀ ਅਤੇ ਬੇਰੁਜ਼ਗਾਰੀ ਦੀ ਦਰ ਦੇ ਸਭ ਤੋਂ ਘੱਟ ਰਿਕਾਰਡ ਦੇ ਬਾਵਜੂਦ, ਅੱਧਾ ਮਿਲੀਅਨ ਨਾਲੋਂ ਵੀ ਜ਼ਿਆਦਾ ਬ੍ਰਿਟਿਸ਼ ਕੋਲੰਬੀਅਨ – ਕੁੱਲ ਆਬਾਦੀ ਦਾ 13 ਫੀ ਸਦੀ – ਗਰੀਬੀ ਵਿਚ ਰਹਿੰਦੇ ਹਨ, ਅਤੇ ਬੇਘਰਪੁਣਾ ਵਧਣਾ ਜਾਰੀ ਹੈ। ਜਿਵੇਂ ਕਿ ਅਸੀਂ ਗਲੋਬਲ ਆਰਥਿਕ ਮੰਦਵਾੜੇ ਵਲ ਵਧ ਰਹੇ ਹਾਂ, ਗਰੀਬੀ ਦੇ ਖਤਰੇ ਵਧ ਰਹੇ ਹਨ, ਜੇ ਅਸੀਂ ਕਾਰਵਾਈ ਨਾ ਕੀਤੀ।

ਗਰੀਬੀ ਦਾ ਮੁੱਲ ਸਾਨੂੰ ਸਾਰਿਆਂ ਨੂੰ ਤਾਰਨਾ ਪੈਂਦਾ ਹੈ। ਬਹੁਤ ਸਾਰੇ ਅਧਿਐਨਾਂ ਨੇ ਗਰੀਬੀ ਨੂੰ ਮਾੜੀ ਸਿਹਤ, ਨਿਆਂਇਕ ਸਿਸਟਮ ਦੇ ਜ਼ਿਆਦਾ ਖਰਚਿਆਂ, ਸਮਾਜਿਕ ਅਤੇ ਕਮਿਊਨਟੀ ਸੇਵਾਵਾਂ ਦੀ ਜ਼ਿਆਦਾ ਮੰਗ, ਪਰਿਵਾਰਕ ਮੈਂਬਰਾਂ ਉੱਪਰ ਜ਼ਿਆਦਾ ਬੋਝ ਅਤੇ ਸਕੂਲ ਵਿਚ ਮਾੜੀ ਕਾਮਯਾਬੀ ਨਾਲ ਜੋੜਿਆ ਹੈ। ਗਰੀਬੀ ਵਿਚ ਅਸਰਦਾਰ ਕਮੀ ਕਰਨ ਲਈ ਸਮਾਜ ਦੇ ਸਾਰੇ ਹਿੱਸਿਆਂ (ਸਰਕਾਰ ਦੇ ਸਾਰੇ ਪੱਧਰਾਂ, ਪ੍ਰਾਈਵੇਟ ਸੈਕਟਰ, ਬਿਨਾਂ-ਮੁਨਾਫੇ ਤੋਂ ਕੰਮ ਕਰਨ ਵਾਲੀਆਂ ਸੰਸਥਾਵਾਂ, ਅਤੇ ਨਾਗਰਿਕਾਂ) ਦੀਆਂ ਕੋਸ਼ਿਸ਼ਾਂ ਦੀ ਲੋੜ ਹੈ, ਪਰ ਅਗਵਾਈ ਸੂਬਾਈ ਸਰਕਾਰ ਵਲੋਂ ਕੀਤੀ ਜਾਣੀ ਜ਼ਰੂਰੀ ਹੈ।

ਨਾਟਕੀ ਫਰਕ ਪਾਉਣ ਵਾਲੀਆਂ ਲੋੜੀਂਦੀਆਂ ਨੀਤੀਆਂ ਦਾ ਪਤਾ ਹੈ, ਅਤੇ ਹੋਰ ਇਲਾਕੇ ਜਿਹੜੇ ਸਪਸ਼ਟ ਟੀਚੇ ਅਤੇ ਸਮੇਂ ਦੀਆਂ ਹੱਦਾਂ ਮਿੱਥ ਰਹੇ ਹਨ, ਉੱਥੇ ਚੰਗੇ ਨਤੀਜੇ ਨਿਕਲ ਰਹੇ ਹਨ। ਗਰੀਬੀ ਵਿਚ ਰਹਿ ਰਹੇ ਲੋਕਾਂ ਦੀ ਆਮਦਨ ਵਧਾਉਣ ਲਈ ਇਕ ਵਿਆਪਕ ਪਹੁੰਚ ਦੀ ਲੋੜ ਹੈ, ਪਰ ਅਜਿਹਾ ਸਮਾਜਿਕ ਢਾਂਚਾ, ਸਰਕਾਰੀ ਸੇਵਾਵਾਂ ਅਤੇ ਵਿਸ਼ੇਸ਼ਤਾਵਾਂ ਵੀ ਕਾਇਮ ਕਰੋ ਜਿਹੜੇ ਗਰੀਬੀ ਵਿੱਚੋਂ ਬਾਹਰ ਕੱਢਣ ਲਈ ਜ਼ਰੂਰੀ ਹਨ।

ਅਸੀਂ, ਹੇਠਾਂ ਦਸਤਖਤ ਕਰਨ ਵਾਲੇ, ਸਾਰੀਆਂ ਸੂਬਾਈ ਸਿਆਸੀ ਪਾਰਟੀਆਂ ਨੂੰ ਬੇਨਤੀ ਕਰਦੇ ਹਾਂ ਕਿ ਉਹ ਗਰੀਬੀ ਘਟਾਉਣ ਲਈ ਟੀਚਿਆਂ ਅਤੇ ਸਮੇਂ ਦੀਆਂ ਹੱਦਾਂ ਅਪਣਾਉਣ ਲਈ ਵਾਅਦਾ ਕਰਨ ਅਤੇ ਕਾਰਵਾਈ ਦੀ ਇਕ ਵਿਆਪਕ ਯੋਜਨਾ ਲਾਗੂ ਕਰਨ ਲਈ ਵਚਨਬੱਧ ਹੋਣ।

ਅਸੀਂ ਅੱਗੇ ਲਿਖੇ ਟੀਚਿਆਂ ਅਤੇ ਸਮੇਂ ਦੀਆਂ ਹੱਦਾਂ ਦੀ ਸਿਫਾਰਸ਼ ਕਰਦੇ ਹਾਂ:

### ਟੀਚੇ ਅਤੇ ਸਮੇਂ ਦੀਆਂ ਹੱਦਾਂ:

- ਅੰਕੜਾ ਵਿਭਾਗ ਕੈਨੇਡਾ ਦੀ ਟੈਕਸ ਤੋਂ ਬਾਅਦ ਘੱਟ-ਆਮਦਨ ਕੱਟ ਔਫ (ਐੱਲ ਆਈ ਸੀ ਓ-ਏ ਟੀ) ਦੀ ਵਰਤੋਂ ਕਰਦੇ ਹੋਏ, ਬੀ ਸੀ ਵਿਚ ਗਰੀਬੀ ਦੀ ਦਰ ਚਾਰ ਸਾਲਾਂ ਵਿਚ 13 ਫੀ ਸਦੀ ਤੋਂ ਘਟਾ ਕੇ 9 ਫੀ ਸਦੀ ਕੀਤੀ ਜਾਵੇ, ਅਤੇ ਦਸ ਸਾਲਾਂ ਵਿਚ 3 ਫੀ ਸਦੀ (ਮਤਲਬ ਕਿ ਅਗਲੀ ਸਰਕਾਰ ਦੇ ਕਾਰਜ-ਸਮੇਂ ਵਿਚ ਇਕ ਤਿਹਾਈ ਕਟੌਤੀ, ਅਤੇ ਇਕ ਦਹਾਕੇ ਵਿਚ 75 ਫੀ ਸਦੀ ਕਟੌਤੀ)।

- ਇਹ ਯਕੀਨੀ ਬਣਾਉ ਕਿ ਬੱਚਿਆਂ, ਇਕੱਲੀ ਮਾਂ ਵਾਲੇ ਘਰਾਂ, ਇਕੱਲੀਆਂ ਬਜ਼ੁਰਗ ਔਰਤਾਂ, ਅਬਰਿਜਨਲ ਲੋਕਾਂ, ਅਪਾਹਜ ਲੋਕਾਂ ਅਤੇ ਨਵੇਂ ਇਮੀਂਗਰਾਂਟਾਂ ਵਿਚ ਵੀ ਗਰੀਬੀ ਦੀ ਦਰ (ਐੱਲ ਆਈ ਸੀ ਓ-ਏ ਟੀ ਦੀ ਵਰਤੋਂ ਕਰਦੇ ਹੋਏ) ਚਾਰ ਸਾਲਾਂ ਵਿਚ 30 ਫੀ ਸਦੀ, ਅਤੇ ਦਸ ਸਾਲਾਂ ਵਿਚ 75 ਫੀ ਸਦੀ ਤੱਕ ਘਟੇ, ਇਹ ਮੰਨਦੇ ਹੋਏ ਕਿ ਇਨ੍ਹਾਂ ਆਬਾਦੀਆਂ ਵਿਚ ਗਰੀਬੀ ਜ਼ਿਆਦਾ ਹੈ।

- ਦੋ ਸਾਲਾਂ ਵਿਚ, ਇਹ ਯਕੀਨੀ ਬਣਾਉ ਕਿ ਹਰ ਬ੍ਰਿਟਿਸ਼ ਕੋਲੰਬੀਅਨ ਦੀ ਆਮਦਨ ਇੰਨੀ ਜ਼ਰੂਰ ਹੋਵੇ ਜਿਹੜੀ ਗਰੀਬੀ ਰੇਖਾ ਦੇ ਘੱਟੋ ਘੱਟ 75 ਫੀ ਸਦੀ (ਐੱਲ ਆਈ ਸੀ ਓ-ਏ ਟੀ ਦੀ ਵਰਤੋਂ ਕਰਦੇ ਹੋਏ) ਤੱਕ ਅੱਪੜਦੀ ਹੋਵੇ।

- ਦੋ ਸਾਲਾਂ ਵਿਚ, ਇਹ ਯਕੀਨੀ ਬਣਾਉ ਕਿ ਕਿਸੇ ਨੂੰ ਬਾਹਰ ਨਾ ਸੌਣਾ ਪਵੇ, ਅਤੇ ਸਾਰਾ ਬੇਘਰਪੁਣਾ ਅੱਠਾਂ ਸਾਲਾਂ ਦੇ ਵਿਚ ਵਿਚ ਖਤਮ ਕਰੋ (ਇਹ ਪੱਕਾ ਕਰਦੇ ਹੋਏ ਕਿ ਸਾਰੇ ਬੇਘਰੇ ਲੋਕਾਂ ਕੋਲ ਚੰਗੀ ਪੱਧਰ ਦੀ ਢੁਕਵੀਂ ਰਿਹਾਇਸ਼ ਹੋਵੇ)।

ਇਹ ਟੀਚੇ ਪ੍ਰਾਪਤ ਕਰਨ ਲਈ, ਅਸੀਂ ਸਿਆਸੀ ਪਾਰਟੀਆਂ ਨੂੰ ਸੱਦਾ ਦਿੰਦੇ ਹਾਂ ਕਿ ਉਹ ਮਈ ਦੀ ਇਲੈਕਸ਼ਨ ਤੋਂ ਪਹਿਲਾਂ, ਨੀਤੀ ’ਤੇ ਕਾਰਵਾਈ ਨਾਲ ਸੰਬੰਧਿਤ ਅੱਗੇ ਲਿਖੇ ਹਰ ਖੇਤਰ ਵਿਚਲੇ ਖਾਸ ਨੀਤੀ ਕਦਮਾਂ ਅਤੇ ਠੋਸ ਕਾਰਵਾਈਆਂ ਲਈ ਵਚਨ ਦੇਣ। ਉਨ੍ਹਾਂ ਲੋਕਾਂ ਦੀਆਂ ਲੋੜਾਂ ਵੱਲ ਖਾਸ ਧਿਆਨ ਦਿੱਤਾ ਜਾਣਾ ਚਾਹੀਦਾ ਹੈ ਜਿਨ੍ਹਾਂ ਦੇ ਗਰੀਬੀ ਵਿਚ ਰਹਿੰਦੇ ਹੋਣ ਦੀ ਜ਼ਿਆਦਾ ਸੰਭਾਵਨਾ ਹੈ (ਇਕੱਲੀ ਮਾਂ ਵਾਲੇ ਘਰ, ਇਕੱਲੀਆਂ ਬਜ਼ੁਰਗ ਔਰਤਾਂ, ਅਬਰਿਜਨਲ ਲੋਕ, ਅਪਾਹਜ ਅਤੇ ਮਾਨਸਿਕ ਬੀਮਾਰੀਆਂ ਵਾਲੇ ਲੋਕ ਅਤੇ ਨਵੇਂ ਇਮੀਂਗਰਾਂਟ ਅਤੇ ਰਫਿਊਜੀ)।

## ਨੀਤੀ ’ਤੇ ਕਾਰਵਾਈ ਵਾਲੇ ਖੇਤਰ

1. ਗੈਰ-ਰੁਜ਼ਗਾਰ ਵਾਲੇ ਲੋਕਾਂ ਲਈ ਢੁਕਵੀਂ ਅਤੇ ਪਹੁੰਚਯੋਗ ਆਮਦਨ ਸਹਾਇਤਾ ਪ੍ਰਦਾਨ ਕਰੋ।
2. ਘੱਟ ਤਨਖਾਹਾਂ ਵਾਲੇ ਵਰਕਰਾਂ ਦੀ ਆਮਦਨ ਅਤੇ ਕੰਮ ਕਰਨ ਦੀਆਂ ਹਾਲਤਾਂ ਵਿਚ ਸੁਧਾਰ ਕਰੋ।
3. ਘੱਟ ਆਮਦਨ ਵਾਲੇ ਵਿਅਕਤੀਆਂ ਅਤੇ ਪਰਿਵਾਰਾਂ ਲਈ ਖਾਣਿਆਂ ਦੀ ਸਕਿਉਰਟੀ ਸੁਧਾਰੋ।
4. ਬੇਘਰਪੁਣੇ ਦੀ ਸਮੱਸਿਆ ਦਾ ਹੱਲ ਕਰੋ ਅਤੇ ਰਿਹਾਇਸ਼ਾਂ ਦੀ ਵੱਡੇ ਪੱਧਰ ’ਤੇ ਵਾਰਾ ਖਾਣ ਯੋਗ ਅਤੇ ਮਦਦਕਾਰੀ ਯੋਜਨਾ ਅਪਣਾਉ।
5. ਸਰਕਾਰੀ ਫੰਡਾਂ ਨਾਲ ਚੱਲਣ ਵਾਲੀ ਸਰਵਵਿਆਪਕ ਚਾਇਲਡ ਕੇਅਰ ਪ੍ਰਦਾਨ ਕਰੋ।
6. ਘੱਟ ਆਮਦਨ ਵਾਲੇ ਲੋਕਾਂ ਲਈ ਟਰੇਨਿੰਗ ਅਤੇ ਪੜ੍ਹਾਈ ਦੀ ਮਦਦ ਵਿਚ ਵਾਧਾ ਕਰੋ।
7. ਕਮਿਊਨਟੀ ਵਿਚ ਦਿਮਾਗੀ ਸਿਹਤ ਅਤੇ ਘਰ ਵਿਚ ਸਹਾਇਤਾ ਦੀਆਂ ਸੇਵਾਵਾਂ ਵਿਚ ਵਾਧਾ ਕਰੋ, ਅਤੇ ਰੋਕਥਾਮ ਅਤੇ ਸਿਹਤ ਨੂੰ ਉਤਸ਼ਾਹ ਦੇਣ ਵਾਲੀਆਂ ਸੇਵਾਵਾਂ ਤੱਕ ਸਮੁੱਚੀ ਪਹੁੰਚ ਨੂੰ ਵਧਾਉ।

ਸਾਡੇ ਵਰਗੀ ਅਮੀਰ ਸੁਸਾਇਟੀ ਵਿਚ ਗਰੀਬੀ ਅਤੇ ਬੇਘਰਪੁਣੇ ਦਾ ਹੋਣਾ ਲਾਜ਼ਮੀ ਨਹੀਂ ਹੈ। ਜੇ ਅਸੀਂ ਇਕ ਧੜੱਲੇਦਾਰ ਯੋਜਨਾ ਪ੍ਰਤੀ ਵਚਨਬੱਧ ਹੋਈਏ ਤਾਂ ਥੋੜ੍ਹੇ ਜਿਹੇ ਕੁਝ ਸਾਲਾਂ ਵਿਚ ਹੀ ਗਰੀਬੀ ਅਤੇ ਬੇਘਰਪੁਣੇ ਵਿਚ ਨਾਟਕੀ ਕਟੌਤੀ ਇਕ ਪੂਰੀ ਤਰ੍ਹਾਂ ਪ੍ਰਾਪਤੀਯੋਗ ਟੀਚਾ ਹੈ।

ਦਸਤਖਤ,

ਨਾਂਵਾਂ ਦੀ ਲਿਸਟ (ਸੰਸਥਾਵਾਂ ਅਤੇ ਕਮਿਊਨਟੀ ਵਿਚਲੇ ਲੀਡਰ)